# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਉਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਉਰੋ ਚੀਫ ਭਾਰਤ : ਗਗਨਦੀਪ ਗਿੱਲ




## ਮਿਸੀਸਾਗਾ ਦੀ ਮੇਅਰ ਚੋਣ ਰੈਲੀ ਵਿੱਚ ਪੰਜਾਬੀ ਸਮਾਜ ਨੇ ਦਿੱਤਾ ਭਰਪੂਰ ਸਮਰਥਨ : ਅਜੈਬ ਸਿੰਘ ਚੱਠਾ

### ਪੰਜਾਬੀ ਕਮਿਊਨਿਟੀ ਦੇ ਸਹਿਯੋਗ ਨਾਲ ਕੈਰਲਿਨ ਪੈਰਿਸ਼ ਸਾਡੀ ਅਗਲੀ ਮੇਅਰ ਹੋਵੇਗੀ: ਸਰਦੂਲ ਸਿੰਘ ਥਿਆੜਾ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ



ਮਿਸੀਸਾਗਾ(ਟੋਰਾਂਟੋ) 8 ਅਗਸਤ : ਮਿਸੀਸਾਗਾ ਵਿਖੇ ਮੌਂਜੂਦਾ ਮੇਅਰ ਕੈਰਲਿਨ ਪੈਰਿਸ਼ ਦੀ ਚੋਣ ਮੁਹਿੰਮ ਦੀ ਰੈਲੀ ਕਰਵਾਈ ਗਈ। ਉਹਨਾਂ ਦੇ ਸਮਰਥਨ ਵਿੱਚ ਇੱਕ ਵਿਸ਼ਾਲ ਮੀਟਿੰਗ ਕੀਤੀ ਗਈ, ਜਿਸ ਵਿੱਚ 300 ਤੋਂ ਵੱਧ ਹਮਦਰਦਾਂ ਨੇ ਸ਼ਿਰਕਤ ਕੀਤੀ।

ਇਸ ਰੈਲੀ ਵਿੱਚ ਪੰਜਾਬੀ, ਭਾਰਤੀ, ਮੁਸਲਿਮ, ਚੀਨੀ, ਗੋਰੇ, ਫਿਲਪੀਨੋ ਅਤੇ ਹੋਰ ਕਮਿਊਨਿਟੀਆਂ ਦੇ ਲੋਕ ਸ਼ਾਮਲ ਹੋਏ। ਸਾਰਿਆਂ ਨੇ ਮੇਅਰ ਕੈਰਲਿਨ ਪੈਰਿਸ਼ ਦੇ ਪਿਛਲੇ ਦੋ ਸਾਲਾਂ ਦੇ ਕੰਮ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਹਨਾਂ ਨੂੰ ਭਰੋਸਾ ਦਿੱਤਾ ਕਿ ਅਸੀਂ ਤੁਹਾਡੇ ਨਾਲ ਹਾਂ। ਇਸ ਮੌਕੇ ਮਿਸੀਸਾਗਾ ਦੇ ਡਿਪਟੀ ਮੇਅਰ ਅਤੇ ਕਾਉਂਸਲਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਜਗਤ ਪੰਜਾਬੀ ਸਭਾ ਦੇ ਚੇਅਰਮੈਨ ਸ. ਅਜੈਬ ਸਿੰਘ ਚੱਠਾ ਤੇ ਪ੍ਰਧਾਨ




ਸ. ਸਰਦੂਲ ਸਿੰਘ ਥਿਆੜਾ ਨੇ ਦੱਸਿਆ ਕਿ ਪੰਜਾਬੀ ਕਮਿਊਨਿਟੀ ਵੱਲੋਂ ਸ. ਬਲਜੀਤ ਸਿੰਘ ਸਕੰਦ, ਅਵਤਾਰ ਸਿੰਘ ਮਿਨਹਾਸ, ਸਰਵਨ ਸਿੰਘ ਲਿੱਦੜ, ਕਰਨਲ ਬਲਦੇਵ ਸਿੰਘ ਪੰਧੇਰ ਸੁਰਜੀਤ ਸਿੰਘ ਬਾਠ ਸਮੇਤ ਕਈ ਪਤਵੰਤੇ ਸੱਜਣ ਇਸ ਰੈਲੀ ਵਿੱਚ ਪਹੁੰਚੇ। ਆਗੂਆਂ ਨੇ ਮੀਟਿੰਗ ਦੌਰਾਨ ਦਾਅਵਾ ਕੀਤਾ ਕਿ ਕੈਰਲਿਨ ਪੈਰਿਸ਼ ਸਾਡੀ ਅਗਲੀ ਮੇਅਰ ਹੋਵੇਗੀ। ਉਨ੍ਹਾਂ ਨੇ ਮਿਸੀਸਾਗਾ ਦੇ ਸਮੂਹ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਕੈਰਲਿਨ ਪੈਰਿਸ਼ ਨੂੰ ਵੋਟ ਪਾ ਕੇ ਕਾਮਯਾਬ ਕਰਨ। ਇਸ ਮੌਕੇ ਮਿਸੀਸਾਗਾ ਦੇ ਡਿਪਟੀ ਮੇਅਰ ਮੈਟ ਮਹੋਨੀ, ਡਿਪਟੀ ਮੇਅਰ ਜੌਨ ਕੋਵਾਕ ਅਤੇ ਕਾਉਂਸਲਰ ਬ੍ਰੈਡ ਬੱਟ, ਕਰਿਸ਼ ਫਾਨਸਕਾ, ਸਟੀਵਨ ਡੁਸਕੋ ਤੇ ਸੂ ਮੈਕਫੈਡਨ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

## ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਕਾਫ਼ਲਾ ਚੰਡੀਗੜ੍ਹ ਰੈਲੀ ਲਈ ਕੋਟਕਪੂਰਾ ਤੋਂ ਹੋਇਆ ਰਵਾਨਾ

### ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਵੱਲੋਂ ਮੁਲਾਜ਼ਮਾਂ ਦੇ ਖਿਲਾਫ ਕੀਤੇ ਕੂੜ ਪ੍ਰਚਾਰ ਦੀ ਸਖਤ ਨਿਖੇਧੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 8 ਅਗਸਤ : ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿਰੋਧ ਧ੍ਰੋਹ ਕਮਾਉਣ, ਪੰਜਾਬ ਦੇ ਮੁਲਾਜ਼ਮ ਇਤਿਹਾਸ ਵਿੱਚ ਪਹਿਲੀ ਵਾਰ ਮੁਲਾਜ਼ਮਾਂ ਤੇ ਪੈਨਸ਼ਨਾਂ ਦੀਆਂ ਲਮਕ ਅਵਸਥਾ ਵਿੱਚ ਪਈਆਂ ਡੀ.ਏ. ਦੀਆਂ 18 ਫੀਸਦੀ ਦੀ ਦਰ ਨਾਲ ਬਕਾਇਆ ਪਈਆਂ ਛੇ ਕਿਸ਼ਤਾਂ ਜਾਰੀ ਕਰਨ ਦੀ ਬਜਾਏ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਝੂਠੇ ਅੰਕੜੇ ਪੇਸ਼ ਕਰਨ ਕਰਕੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਬਣੀ ਸਾਂਝੀ ਤਾਲਮੇਲ ਕਮੇਟੀ ਦੇ ਸੱਦੇ 'ਤੇ ਅੱਜ ਅਨਾਜ ਮੰਡੀ ਸੈਕਟਰ 39 ਚੰਡੀਗੜ੍ਹ ਵਿਖੇ ਮਹਾਂਰੈਲੀ ਕੀਤੀ ਜਾ ਰਹੀ ਹੈ। ਇਸ ਰੈਲੀ ਵਿੱਚ ਸ਼ਾਮਿਲ ਹੋਣ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਅਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ, ਵਿੱਤ ਸਕੱਤਰ ਸੋਮ ਨਾਥ ਅਰੋੜਾ, ਕਲਾਸ ਫ਼ੋਰ ਗੌਰਮਿੰਟ ਇੰਪਲਾਈਜ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਢੁੱਡੀ ਅਤੇ ਜਨਰਲ ਸਕੱਤਰ ਬਲਕਾਰ ਸਿੰਘ ਸਹੋਤਾ ਦੀ ਅਗਵਾਈ ਹੇਠ ਬੱਸ ਸਟੈਂਡ ਕੋਟਕਪੂਰਾ ਤੋਂ ਕਾਫ਼ਲਾ ਰਵਾਨਾ ਹੋਇਆ। ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ



ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸ਼ਹਿ ਤੇ ਪਰਸੋਂ ਮੀਡੀਏ ਵਿੱਚ ਮੁਲਾਜ਼ਮਾਂ ਦੇ ਖਿਲਾਫ ਕੂੜ ਪ੍ਰਚਾਰ ਕਰਕੇ ਜਿਹੜੀ ਭਾਜੀ ਪਾਈ ਹੈ, ਪੰਜਾਬ ਦੇ ਲੱਖਾਂ ਮੁਲਾਜ਼ਮ ਅਤੇ ਪੈਨਸ਼ਨਰ ਇਹ ਭਾਜੀ ਪੰਜਾਬ ਦੇ ਸੱਭਿਆਚਾਰ ਅਨੁਸਾਰ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਇੱਕੀ ਦੀ ਇੱਕਤੀ ਕਰਕੇ ਮੋੜਨਗੇ। ਉਹਨਾਂ ਅੱਗੇ ਕਿਹਾ ਕਿ ਸਾਂਝੀ ਤਾਲਮੇਲ ਕਮੇਟੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਦੇ ਜੋ ਵੀ ਐਕਸ਼ਨ ਪ੍ਰੋਗਰਾਮ ਉਲੀਕੇ ਜਾਣਗੇ ਪੂਰੀ ਤਨਦੇਹੀ ਨਾਲ ਇਹ ਪ੍ਰੋਗਰਾਮ ਸਫਲ ਬਣਾਏ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਤਰਸੇਮ ਨਰੂਲਾ, ਮੰਦਰ ਸਿੰਘ ਲੈਕਚਰਾਰ, ਕੇਵਲ ਸਿੰਘ ਲੈਕਚਰਾਰ, ਕਸ਼ਮੀਰਾ ਸਿੰਘ, ਪੂਰਨ ਸਿੰਘ ਸੰਧਵਾਂ ਸਿਹਤ ਵਿਭਾਗ, ਇਕਬਾਲ ਸਿੰਘ ਗਿੱਲ, ਕੀਰਤਨ ਸਿੰਘ ਅਤੇ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮ ਆਗੂ ਪਰਮਜੀਤ ਸਿੰਘ ਪੰਮਾ, ਗੁਰਪ੍ਰੀਤ ਸਿੰਘ ਸਿੱਧੂ ਸਰਕਾਰੀ ਬ੍ਰਜਿੰਦਰਾ ਕਾਲਜ, ਜੋਤੀ ਪ੍ਰਕਾਸ਼, ਜਸਵਿੰਦਰ ਸਿੰਘ, ਰਿੰਕੂ ਕੁਮਾਰ, ਬਲਵੰਤ ਸਿੰਘ, ਮੰਡੀ ਬੋਰਡ, ਸੋਹਣ ਸਿੰਘ, ਸ਼ਕਤੀ ਸਿੰਘ ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ, ਸਿਕੰਦਰ ਸਿੰਘ, ਕੁਲਵੰਤ ਸਿੰਘ, ਗੁਰਜੰਟ ਸਿੰਘ, ਜਗਦੇਵ ਸਿੰਘ, ਰਣਜੀਤ ਸਿੰਘ, ਗੁਰਮੀਤ ਸਿੰਘ, ਨਰਿੰਦਰ ਸਿੰਘ, ਜਗਤਾਰ ਸਿੰਘ, ਅਰੁਣ ਕੁਮਾਰ, ਗਗਨ ਕੁਮਾਰ, ਵੀਰ ਸਿੰਘ ਕੰਮੇਆਣਾ, ਰਾਮ ਕਿਸ਼ੋਰ, ਹਰੀ ਸਿੰਘ, ਬਾਬੂ ਰਾਮ, ਪਿਆਰਾ ਸਿੰਘ, ਰਾਮ ਲਾਲ ਨਹਿਰੀ ਵਿਭਾਗ ਅਤੇ ਕਈ ਹੋਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਦਸਮੇਸ਼ ਪਬਲਿਕ ਸਕੂਲ ਕੋਟਕਪੂਰਾ ਵਿਖੇ ਸੱਤ ਰੋਜ਼ਾ ਭਾਰਤੀ ਭਾਸ਼ਾ ਕੈਂਪ ਦਾ ਸਫ਼ਰ ਪੂਰਾ ਹੋਇਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 8 ਅਗਸਤ : ਸੀ.ਬੀ.ਐਸ.ਈ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦਸਮੇਸ਼ ਪਬਲਿਕ ਸਕੂਲ ਕੋਟਕਪੂਰਾ ਵਿਖੇ ਸੱਤ ਦਿਨਾਂ 'ਭਾਰਤੀ ਭਾਸ਼ਾ ਸਮਰ ਕੈਂਪ 2026' ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਣੀ ਮਾਤ



ਭਾਸ਼ਾ ਤੋਂ ਇਲਾਵਾ ਇੱਕ ਹੋਰ ਭਾਸ਼ਾ ਨਾਲ ਜਾਣੂ ਕਰਵਾਉਣਾ ਅਤੇ ਦੇਸ਼ ਦੀ ਭਾਸ਼ਾਈ ਤੇ ਸੱਭਿਆਚਾਰਕ ਵਿਭਿੰਨਤਾ ਨਾਲ ਜੋੜਨਾ ਸੀ। ਇਸ ਕੈਂਪ ਨੂੰ ਦਿਲਚਸਪ ਬਣਾਉਣ ਲਈ ਗੀਤ, ਕਹਾਣੀਆਂ, ਖੇਡਾਂ, ਚਿੱਤਰਕਲਾ 'ਤੇ ਗੱਲਬਾਤ ਵਰਗੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਕੈਂਪ ਦੇ ਪਹਿਲੇ ਦਿਨ ਵਿਦਿਆਰਥੀਆਂ ਨੂੰ ਅੱਖਰ ਗਿਆਨ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਦੂਜੇ ਦਿਨ ਰੋਜਾਨਾ ਜੀਵਨ ਵਿੱਚ ਕੰਮ ਆਉਣ ਵਾਲੀ ਗੱਲਬਾਤ ਦੀ ਮਹੱਤਤਾ ਬਾਰੇ ਦੱਸਿਆ ਗਿਆ। ਕੈਂਪ ਦੇ ਤੀਜੇ ਦਿਨ ਵਿਦਿਆਰਥੀਆਂ ਨੂੰ ਸੰਗੀਤ, ਨਾਚ ਅਤੇ ਚਿੱਤਰਕਲਾ ਵਰਗੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਕੈਂਪ ਦੇ ਚੌਥੇ ਦਿਨ ਵਿਦਿਆਰਥੀਆਂ ਨੇ ਵੱਖ ਵੱਖ ਤਰਾਂ ਦੇ ਪਕਵਾਨ ਬਣਾਉਣ ਬਾਰੇ ਜਾਣਕਾਰੀ ਹਾਸਿਲ ਕੀਤੀ। ਪੰਜਵੇਂ ਦਿਨ ਸੱਭਿਆਚਾਰ ਅਤੇ ਮਹਾਨ ਸ਼ਖਸ਼ੀਅਤਾਂ ਬਾਰੇ ਗਿਆਨ ਭਰਪੂਰ ਜਾਣਕਾਰੀ ਦਿੱਤੀ ਗਈ। ਛੇਵੇਂ ਦਿਨ ਇਤਿਹਾਸ ਤੇ ਭੂਗੋਲ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸਤਵੇਂ ਦਿਨ ਪਰੰਪਰਾਗਤ ਖੇਡਾਂ ਕਰਵਾਈਆਂ ਗਈਆਂ ਅਤੇ ਨਾਲ ਹੀ ਬੱਚਿਆਂ ਨੂੰ ਨਰੋਈ ਸਿਹਤ ਅਤੇ ਚੰਗੀ ਖੁਰਾਕ ਬਾਰੇ ਜਾਣਕਾਰੀ ਦਿੱਤੀ ਗਈ। ਕੈਂਪ ਵਿੱਚ ਬੱਚਿਆਂ ਨੂੰ ਜਾਣਕਾਰੀ ਦੇਣ ਲਈ ਰੋਚਕ ਤਰੀਕੇ ਅਪਣਾਏ ਗਏ। ਇਸ ਲਈ ਨਕਸ਼ਿਆਂ, ਐਟਲਸ ਅਤੇ ਆਡੀਓ- ਵੀਡੀਓ ਸਮੱਗਰੀ ਦੀ ਵਰਤੋਂ ਕੀਤੀ ਗਈ ਤਾਂ ਜੋ ਸਿੱਖਣ ਦੀ ਪ੍ਰਕਿਰਿਆ ਹੋਰ ਪ੍ਰਭਾਵਸ਼ਾਲੀ ਬਣੇ। ਕੈਂਪ ਦੇ ਸਮਾਪਤੀ ਸਮਾਰੋਹ ਦੌਰਾਨ ਸਕੂਲ ਦੇ ਪ੍ਰਿੰਸੀਪਲ ਡਾ. ਟੂਰਨਾ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿਦਿਆਰਥੀਆਂ ਵਿੱਚ ਭਾਸ਼ਾ ਪ੍ਰਤੀ ਰੁਚੀ ਵਧਾਉਣ ਦੇ ਨਾਲ-ਨਾਲ ਰਾਸ਼ਟਰੀ ਏਕਤਾ ਅਤੇ ਸੱਭਿਆਚਾਰਕ ਸਮਝ ਨੂੰ ਵੀ ਮਜਬੂਤ ਕਰਦੀਆਂ ਹਨ। ਉਨਾਂ ਨੇ ਬੱਚਿਆਂ ਨੂੰ ਦੱਸਿਆ ਕਿ ਜ਼ਿੰਦਗੀ ਵਿੱਚ ਤਰੱਕੀ ਹਾਸਿਲ ਕਰਨ ਲਈ ਸਾਨੂੰ ਲਗਾਤਾਰ ਸਿੱਖਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਸਕੂਲ ਦੇ ਐੱਮ.ਡੀ. ਜਸਵੀਰ ਸਿੰਘ ਸੰਧੂ ਨੇ ਜੋਰ ਦਿੰਦਿਆ ਕਿਹਾ ਕਿ ਸਿੱਖਣ ਦੀ ਇੱਛਾ ਰੱਖਣ ਵਾਲਾ ਮਨੁੱਖ ਚੁਣੌਤੀਆਂ ਨੂੰ ਵੀ ਮੌਕੇ ਬਣਾ ਲੈਂਦਾ ਹੈ ਅਤੇ ਹਮੇਸ਼ਾ ਚੜ੍ਹਦੀਕਲਾ ਵਿੱਚ ਰਹਿਣਾ ਉਸ ਦੀ ਆਦਤ ਬਣ ਜਾਂਦੀ ਹੈ। ਉਹਨਾਂ ਕਿਹਾ ਕਿ ਜੀਵਨ ਵਿੱਚ ਖੁਸ਼ੀ ਅਤੇ ਕਾਮਯਾਬੀ ਹਾਸਲ ਕਰਨ ਲਈ ਜੀਵਨ ਜਿਉਣ ਦੀਆਂ ਜੁਗਤਾਂ ਨੂੰ ਸਿੱਖਣਾ ਬਹੁਤ ਜਰੂਰੀ ਹੈ।

## ਆਰਮੀ ਰਿਕਰੂਟਮੈਂਟ ਦਫ਼ਤਰ ਪਟਿਆਲਾ ਵੱਲੋਂ ਜ਼ੋਨਲ ਰਿਕਰੂਟਮੈਂਟ ਦਫ਼ਤਰ ਜਲੰਧਰ ਦੀ ਅਗਵਾਈ ਹੇਠ 10 ਰੋਜ਼ਾ ਅਗਨੀਵੀਰ ਭਰਤੀ ਰੈਲੀ ਸਫ਼ਲਤਾਪੂਰਵਕ ਸੰਪੰਨ

### ਲਗਭਗ 11 ਹਜ਼ਾਰ ਉਮੀਦਵਾਰਾਂ ਨੇ ਲਿਆ ਭਾਗ

### ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਭਰਤੀ ਪ੍ਰਕਿਰਿਆ ਦੌਰਾਨ ਨੌਜਵਾਨਾਂ ਨੂੰ ਮੁਹੱਈਆ ਕਰਵਾਈਆਂ ਬਿਹਤਰੀਨ ਸਹੂਲਤਾਂ

### ਪਟਿਆਲਾ ਦੀ ਭਰਤੀ ਰੈਲੀ ਨੂੰ ਮਾਡਲ ਭਰਤੀ ਰੈਲੀ ਵਜੋਂ ਮਿਲੀ ਸਰਾਹਨਾ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 8 ਅਗਸਤ : ਪਟਿਆਲਾ ਵਿਖੇ ਭਾਰਤੀ ਫ਼ੌਜ ਵੱਲੋਂ ਕਰਵਾਈ ਗਈ 10 ਰੋਜ਼ਾ ਅਗਨੀਵੀਰ ਭਰਤੀ ਰੈਲੀ ਸਫ਼ਲਤਾਪੂਰਵਕ ਸੰਪੰਨ ਹੋ ਗਈ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਏ.ਡੀ.ਸੀ (ਜ) ਅਨੁਪ੍ਰਿਤਾ ਜੌਹਲ ਅਤੇ ਸਹਾਇਕ ਕਮਿਸ਼ਨਰ (ਜ) ਹਰਜੋਤ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਅਤੇ ਆਰਮੀ ਭਰਤੀ ਦਫ਼ਤਰ ਪਟਿਆਲਾ ਤੇ ਏਅਰਾਵਤ ਡਿਵੀਜ਼ਨ ਦੇ ਸਥਾਨਕ ਮਿਲਟਰੀ ਅਧਿਕਾਰੀਆਂ ਦਰਮਿਆਨ ਨਜ਼ਦੀਕੀ ਤਾਲਮੇਲ ਸਦਕਾ ਭਰਤੀ ਰੈਲੀ ਸੁਚੱਜੇ ਢੰਗ ਨਾਲ ਨੇਪਰੇ ਚੜ੍ਹੀ।

ਆਰਮੀ ਰਿਕਰੂਟਮੈਂਟ ਦਫ਼ਤਰ ਪਟਿਆਲਾ ਵੱਲੋਂ ਜ਼ੋਨਲ ਰਿਕਰੂਟਮੈਂਟ ਦਫ਼ਤਰ ਜਲੰਧਰ ਦੀ ਅਗਵਾਈ ਹੇਠ ਇੱਥੇ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ ਪੋਲੋ ਗਰਾਊਂਡ ਵਿਖੇ 30 ਜੁਲਾਈ ਤੋਂ 8 ਅਗਸਤ 2026 ਤੱਕ ਇਸ 10 ਰੋਜ਼ਾ ਅਗਨੀਵੀਰ ਭਰਤੀ ਰੈਲੀ ਨੂੰ ਇੱਕ ਮਾਡਲ ਭਰਤੀ ਰੈਲੀ ਵਜੋਂ ਸਰਾਹਿਆ ਗਿਆ ਹੈ।ਇਸ ਦੌਰਾਨ ਲਗਭਗ 11 ਹਜ਼ਾਰ ਸੰਭਾਵੀ ਅਗਨੀਵੀਰ ਉਮੀਦਵਾਰਾਂ ਨੇ ਭਾਗ ਲਿਆ।





ਇਸ ਰੈਲੀ ਵਿੱਚ ਪਟਿਆਲਾ, ਫਤਿਹਗੜ੍ਹ ਸਾਹਿਬ, ਸੰਗਰੂਰ, ਮਾਨਸਾ, ਬਰਨਾਲਾ ਅਤੇ ਮਲੇਰਕੋਟਲਾ ਜ਼ਿਲ੍ਹਿਆਂ ਦੇ 1 ਤੋਂ 10 ਜੂਨ 2026 ਤੱਕ ਹੋਈ ਲਿਖਤੀ ਪ੍ਰੀਖਿਆ ਪਾਸ ਕਰਨ ਵਾਲੇ ਉਤਸ਼ਾਹੀ ਨੌਜਵਾਨਾਂ ਨੇ ਦੋ ਪੜਾਵਾਂ ਵਿੱਚ ਹਿੱਸਾ ਲਿਆ। ਪਹਿਲੇ ਪੜਾਅ ਵਿੱਚ ਸਰੀਰਕ ਟੈਸਟ, ਜਿਸ ਵਿੱਚ 1.6 ਕਿਲੋਮੀਟਰ ਦੌੜ, ਚਿਨ-ਅੱਪ, ਬੈਲੈਂਸ ਵਾਕ ਅਤੇ 9 ਫੁੱਟ ਡਿੱਚ ਜੰਪ ਸ਼ਾਮਲ ਸਨ, ਦੇ ਨਾਲ-ਨਾਲ ਦਸਤਾਵੇਜ਼ਾਂ ਦੀ ਤਸਦੀਕ ਕੀਤੀ ਗਈ। ਇਸ ਤੋਂ ਬਾਅਦ ਅਗਲੇ ਦਿਨ ਮੈਡੀਕਲ ਫਿਟਨੈੱਸ ਟੈਸਟ ਕਰਵਾਇਆ ਗਿਆ। ਸਰੀਰਕ ਟੈਸਟ ਵਿੱਚ ਸਫ਼ਲ ਹੋਣ ਵਾਲੇ ਉਮੀਦਵਾਰਾਂ ਦੀ ਦਰ ਪਿਛਲੇ ਸਾਲਾਂ ਦੇ ਮੁਕਾਬਲੇ ਕਾਫ਼ੀ ਬਿਹਤਰ ਰਹੀ, ਜੋ ਨੌਜਵਾਨਾਂ ਦੀ ਵਧ ਰਹੀ ਤਿਆਰੀ ਅਤੇ ਉਤਸ਼ਾਹ ਨੂੰ ਦਰਸਾਉਂਦਾ ਇੱਕ ਸਕਾਰਾਤਮਕ ਰੁਝਾਨ ਹੈ।

ਏਡੀਸੀ ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਸੰਪੰਨ ਹੋਈ ਇਸ ਭਰਤੀ ਰੈਲੀ ਦਾ ਏਅਰਾਵਤ ਡਿਵੀਜ਼ਨ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਦੌਰਾ ਵੀ ਕੀਤਾ ਗਿਆ। ਅਧਿਕਾਰੀਆਂ ਨੇ ਸਾਫ਼-ਸੁਥਰੀ, ਨਿਰਪੱਖ ਅਤੇ ਪਾਰਦਰਸ਼ੀ ਭਰਤੀ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਕੀਤੇ ਗਏ ਪ੍ਰਬੰਧਾਂ ਅਤੇ ਯਤਨਾਂ ਦੀ ਸ਼ਲਾਘਾ ਕੀਤੀ।

ਏਡੀਸੀ ਨੇ ਦੱਸਿਆ ਕਿ ਰੈਲੀ ਦੌਰਾਨ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਥਾਨਕ ਮਿਲਟਰੀ ਅਧਿਕਾਰੀਆਂ ਵੱਲੋਂ ਨੌਜਵਾਨਾਂ ਨੂੰ ਬਿਹਤਰੀਨ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ। ਇਨ੍ਹਾਂ ਵਿੱਚ ਨਾਸ਼ਤਾ, ਦੁਪਹਿਰ ਦਾ ਖਾਣਾ, ਚਾਹ, ਲੱਸੀ, ਮਿਨਰਲ ਵਾਟਰ, ਵਿਆਪਕ ਮੈਡੀਕਲ ਸਹੂਲਤਾਂ ਅਤੇ ਰੈਲੀ ਦੀ ਪੂਰੀ ਮਿਆਦ ਦੌਰਾਨ 24 ਘੰਟੇ ਫੌਜ ਅਤੇ ਪੁਲਿਸ ਦੀ ਸੁਰੱਖਿਆ ਤੋਂ ਇਲਾਵਾ ਸੀ.ਸੀ.ਟੀ.ਵੀ. ਰਾਹੀਂ ਨਿਗਰਾਨੀ ਸ਼ਾਮਲ ਰਹੀ।

ਫੌਜ ਦੇ ਅਧਿਕਾਰੀਆਂ ਨੇ ਦੱਸਿਆ ਕਿ ਏਡੀਸੀ ਅਨੁਪ੍ਰਿਤਾ ਜੌਹਲ ਤੇ ਸਹਾਇਕ ਕਮਿਸ਼ਨਰ ਨਵਜੋਤ ਕੌਰ ਮਾਵੀ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਰੈਲੀ ਦੀ ਯੋਜਨਾਬੰਦੀ ਤੋਂ ਲੈ ਕੇ ਇਸ ਨੂੰ ਅਮਲੀ ਰੂਪ ਦੇਣ ਤੱਕ ਪੂਰੀ ਤਰ੍ਹਾਂ ਸਰਗਰਮ ਰਹੇ। ਆਰਮੀ ਰਿਕਰੂਟਮੈਂਟ ਦਫ਼ਤਰ ਪਟਿਆਲਾ ਨਾਲ ਲਗਾਤਾਰ ਤਾਲਮੇਲ ਕਰਦਿਆਂ ਰੈਲੀ ਦੀਆਂ ਲੌਜਿਸਟਿਕਸ ਅਤੇ ਪ੍ਰਸ਼ਾਸਨਿਕ ਪ੍ਰਬੰਧਾਂ ਦੀ 24 ਘੰਟੇ ਨਿਗਰਾਨੀ ਯਕੀਨੀ ਬਣਾਈ ਗਈ।

ਇਸੇ ਦੌਰਾਨ ਅਨੁਪ੍ਰਿਤਾ ਜੌਹਲ ਨੇ ਕਿਹਾ ਕਿ ਇਸ ਭਰਤੀ ਰੈਲੀ ਦੀ ਸ਼ਾਨਦਾਰ ਸਫ਼ਲਤਾ ਦਾ ਸਿਹਰਾ ਭਾਰਤੀ ਫੌਜ ਦੀ ਪਾਰਦਰਸ਼ੀ ਅਤੇ ਪੇਸ਼ੇਵਰ ਕਾਰਜਸ਼ੈਲੀ ਦੇ ਨਾਲ-ਨਾਲ ਫੌਜ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਦਿਖਾਈ ਗਈ ਸਾਂਝੀ ਕਾਰਜਸ਼ੀਲਤਾ ਅਤੇ ਬਿਹਤਰੀਨ ਤਾਲਮੇਲ ਨੂੰ ਜਾਂਦਾ ਹੈ। ਇਸ ਸਮੁੱਚੀ ਪ੍ਰਕਿਰਿਆ ਨੇ ਪੰਜਾਬ ਦੇ ਨੌਜਵਾਨਾਂ ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਕੇ ਮਾਣ ਨਾਲ ਦੇਸ਼ ਦੀ ਸੇਵਾ ਕਰਨ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ ਹੈ।ਇਸ ਰੈਲੀ ਦੌਰਾਨ ਨਗਰ ਨਿਗਮ, ਲੋਕ ਨਿਰਮਾਣ, ਬਿਜਲੀ ਨਿਗਮ, ਖੇਡ ਵਿਭਾਗ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਉਰੋ, ਪੁਲਿਸ ਵਿਭਾਗ ਸਮੇਤ ਹੋਰ ਵਿਭਾਗਾਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ।

## ਬਲਾਕ ਪੱਧਰੀ ਮੁਕਾਬਲਿਆਂ 'ਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 8 ਅਗਸਤ : ਰਾਜ ਵਿਦਿਅਕ ਖੋਜ ਅਤੇ ਸਿਖਲਾਈ ਸੰਸਥਾ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਨੈਸ਼ਨਲ ਪਾਪੂਲੇਸ਼ਨ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਦੇ ਫਰੀਦਕੋਟ-2 ਦੇ ਬਲਾਕ ਪੱਧਰੀ ਰੋਲ ਪਲੇਅ ਅਤੇ ਲੋਕ ਨਾਚ ਮੁਕਾਬਲਿਆਂ ਵਿੱਚ ਫਰੀਦਕੋਟ ਬਲਾਕ-2 ਦੇ ਵੱਖ-ਵੱਖ ਸਕੂਲਾਂ ਨੇ ਭਾਗ ਲਿਆ। ਸਰਕਾਰੀ ਹਾਈ ਸਕੂਲ ਔਲਖ ਦੇ ਮੁੱਖ ਅਧਿਆਪਕ ਜਗਜੀਵਨ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਸਰਕਾਰੀ ਹਾਈ ਸਕੂਲ ਔਲਖ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰੋਲ ਪਲੇਅ ਮੁਕਾਬਲੇ ਵਿੱਚ ਪਹਿਲਾ ਅਤੇ ਲੋਕ ਨਾਚ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਉਹਨਾਂ ਅੱਗੇ ਦੱਸਿਆ ਕਿ ਸਕੂਲ ਦੇ ਕੋਆਰਡੀਨੇਟਰ ਗੁਰਚਰਨ ਕੌਰ, ਗਾਈਡ ਅਧਿਆਪਕ ਰਣਜੀਤ ਕੌਰ ਕੰਪਿਊਟਰ ਅਧਿਆਪਕਾ ਅਤੇ ਹਰਜਿੰਦਰ ਕੌਰ ਅੰਗਰੇਜ਼ੀ ਅਧਿਆਪਕਾ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਬਹੁਤ ਮਿਹਨਤ ਕਰਕੇ ਇਹ ਸਫਲਤਾ ਪ੍ਰਾਪਤ ਕੀਤੀ। ਉਹਨਾਂ ਜੇਤੂ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਜ਼ਿਲ੍ਹਾ ਅਤੇ ਸਟੇਟ ਪੱਧਰ ਅਤੇ ਹੋਣ ਵਾਲੇ ਮੁਕਾਬਲਿਆਂ ਲਈ ਹੋਰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।


## ਸਰਕਾਰੀ ਸਕੂਲ ਦੀ ਲਾਇਬ੍ਰੇਰੀ ਨੂੰ ਪੁਸਤਕਾਂ ਭੇਂਟ ਕੀਤੀਆਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 8 ਅਗਸਤ : ਨਾਮਵਰ ਸਾਹਿਤਕਾਰ ਅਤੇ ਸੇਵਾ ਮੁਕਤ ਲੈਕਚਰਾਰ ਡਾ. ਅਜੀਤ ਸਿੰਘ ਨੇ ਸਥਾਨਕ ਡਾ. ਚੰਦਾ ਸਿੰਘ ਮਰਵਾਹ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਥਿਤ ਲਾਇਬਰੇਰੀ ਨੂੰ 10 ਪੁਸਤਕਾਂ ਭੇਂਟ ਕੀਤੀਆਂ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਸਟੇਟ ਐਵਾਰਡੀ ਪ੍ਰਿੰਸੀਪਲ ਪ੍ਰਭਜੋਤ ਸਿੰਘ ਸਹੋਤਾ ਨੇ ਦੱਸਿਆ ਕਿ ਡਾ. ਅਜੀਤ ਸਿੰਘ ਜੋ ਕਿ ਅੱਜਕਲ੍ਹ ਵਿਦੇਸ਼ ਰਹਿ ਰਹੇ ਹਨ, ਨੇ ਲੰਬਾ ਸਮਾਂ ਸਿੱਖਿਆ ਵਿਭਾਗ ਵਿਚ ਸਰਵਿਸ ਕੀਤੀ। ਉਹ ਹੁਣ ਤੱਕ ਪੰਜਾਬੀ ਸਾਹਿਤ ਦੀ ਝੋਲੀ ਵਿਚ 5 ਪੁਸਤਕਾਂ ਪਾ ਚੁੱਕੇ ਹਨ। ਉਨ੍ਹਾਂ ਦੀਆਂ ਕੁਝ ਪੁਸਤਕਾਂ ਸ਼ਾਹਮੁਖੀ ਲਿਪੀ ਵਿਚ ਵੀ ਹਨ ਜੋ ਕਿ ਪਾਕਿਸਤਾਨੀ ਪੰਜਾਬ ਦੇ ਸਿੱਖਿਆ ਵਿਭਾਗ ਦੇ ਸਿਲੇਬਸ ਵਿਚ ਸ਼ਾਮਿਲ ਕੀਤੀਆਂ ਹੋਈਆਂ ਹਨ। ਪ੍ਰਿੰਸੀਪਲ ਸ੍ਰੀ ਸਹੋਤਾ ਨੇ ਇਸ ਵਡਮੁੱਲੇ ਯੋਗਦਾਨ ਲਈ ਡਾ. ਅਜੀਤ ਸਿੰਘ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਵੀ ਇਸੇ ਤਰ੍ਹਾਂ ਸਕੂਲ ਨੂੰ ਸਹਿਯੋਗ ਦਿੰਦੇ ਰਹਿਣ ਦੀ ਆਸ ਪ੍ਰਗਟਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚੰਦਨ ਕੌਰ ਸੋਢੀ, ਸ਼ਵਿੰਦਰ ਕੌਰ, ਸੰਦੀਪ ਕੌਰ, ਅਮਨਦੀਪ ਕੌਰ, ਕੁਲਵਿੰਦਰ ਸਿੰਘ, ਵਿਵੇਕ ਕਪੂਰ, ਨਵਦੀਪ ਕੱਕੜ, ਸਵਰਨਜੀਤ ਸਿੰਘ, ਰਾਜਿੰਦਰ ਸਿੰਘ ਆਦਿ ਮੌਜੂਦ ਸਨ।

# ਪ੍ਰਦੇਸਾਂ ਵਿੱਚੋਂ ਚੁਗੇ ਹਰਫ਼




ਵਰਲਡ ਪੰਜਾਬੀ ਟਾਈਮਜ਼
ਜਸਬੀਰ ਮਾਨ ਸਰੀ ਬੀ.ਸੀ

'ਪ੍ਰਦੇਸਾਂ ਵਿੱਚੋਂ ਚੁਗੇ ਹਰਫ਼' ਡਾਕਟਰ ਗੁਰਮਿੰਦਰ ਸਿੱਧੂ ਦੀ 22 ਲੇਖਾਂ,ਤੇਤੀ ਤਸਵੀਰਾਂ ਅਤੇ 175 ਸਫ਼ਿਆਂ ਦੀ ਖੂਬਸੂਰਤ ਵਾਰਤਕ ਦੀ ਪੁਸਤਕ ਹੈ।ਇਹ ਪੁਸਤਕ ਇਹਨਾਂ ਨੇ ਆਪਣੇ ਵਿਦੇਸ਼ਾਂ ਦੇ ਸਫ਼ਰ ਦੌਰਾਨ ਲਿਖੀ ਹੈ।ਇਹ ਪੁਸਤਕ ਪਾਠਕਾਂ ਨੂੰ ਵਿਦੇਸ਼ੀ ਜੀਵਨ ਨਾਲ਼ ਜਾਣੂ ਕਰਵਾਉਂਦੀ ਹੈ।ਪੁਸਤਕ ਲਿਖਣਾ ਸਿਰਫ ਸ਼ਬਦ ਇਕੱਠੇ ਕਰਨਾ ਹੀ ਨਹੀਂ ਹੁੰਦਾ ਸਗੋਂ ਆਪਣੇ ਅਤੇ ਹੋਰ ਲੋਕਾਂ ਦਾ ਗਿਆਨ,ਤਜ਼ਰਬੇ ਅਤੇ ਭਾਵਨਾਵਾਂ ਨੂੰ ਸਮਝ ਕੇ ਉਹਨਾਂ ਨੂੰ ਸਹੀ ਰੂਪ ਵਿੱਚ ਪ੍ਰਗਟ ਕਰਨਾ ਹੁੰਦਾ ਹੈ।ਇੱਕ ਚੰਗਾ ਲੇਖਕ ਆਪਣੇ ਆਲੇ-ਦੁਆਲੇ ਦੇ ਜੀਵਨ ਨੂੰ ਧਿਆਨ ਨਾਲ਼ ਵੇਖਦਾ ਹੈ,ਲੋਕਾਂ ਦੀਆਂ ਭਾਵਨਾਵਾਂ ਨੂੰ ਮਹਿਸੂਸ ਕਰਦਾ ਹੈ ਅਤੇ ਫਿਰ ਉਹਨਾਂ ਨੂੰ ਸ਼ਬਦਾਂ ਦਾ ਰੂਪ ਦਿੰਦਾ ਹੈ।ਇਸੇ ਕਰਕੇ ਹੀ ਕਿਹਾ ਜਾਂਦਾ ਹੈ ਕਿ ਲਿਖਣ ਦੀ ਕਲਾ ਸਹਿਜੇ-ਸਹਿਜੇ ਅਭਿਆਸ ਨਾਲ਼ ਹੋਰ ਨਿਖ਼ਰਦੀ ਹੈ।

ਇਸ ਪੁਸਤਕ ਦੇ ਲੇਖਕ ਡਾਕਟਰ ਗੁਰਮਿੰਦਰ ਸਿੱਧੂ ਲੰਮੇ ਸਮੇਂ ਤੋਂ ਨਿਰੰਤਰ ਲਿਖਦੇ ਆ ਰਹੇ ਹਨ।ਇਹਨਾਂ ਨੇ ਬਹੁਤ ਸਾਰੀਆਂ ਪੁਸਤਕਾਂ ਪੰਜਾਬੀ ਮਾਂ-ਬੋਲੀ ਦੀ ਝੋਲ਼ੀ ਪਾਈਆਂ ਹਨ ਅਤੇ ਬਹੁਤ ਸਾਰੀਆਂ ਸੰਸਥਾਵਾਂ ਤੋਂ ਇਨਾਮ ਵੀ ਜਿੱਤੇ ਹਨ।ਇਸ ਕਰਕੇ ਮੈਂ ਪੂਰੇ ਯਕੀਨ ਨਾਲ਼ ਕਹਿ ਸਕਦੀ ਹਾਂ ਕਿ ਇਹਨਾਂ ਦੀ ਇਹ ਪੁਸਤਕ 'ਪਰਦੇਸਾਂ ਵਿੱਚੋਂ ਚੁਗੇ ਹਰਫ਼' ਜਿੱਥੇ ਪਾਠਕਾਂ ਦਾ ਮਨੋਰੰਜਨ ਕਰਵਾਏਗੀ ਉੱਥੇ ਨਾਲ਼-ਨਾਲ਼ ਪਾਠਕਾਂ ਦੀ ਝੋਲ਼ੀ ਗਿਆਨ ਨਾਲ਼ ਵੀ ਭਰਭੂਰ ਕਰੇਗੀ।

ਡਾਕਟਰ ਗੁਰਮਿੰਦਰ ਸਿੱਧੂ ਦੀ ਇਹ ਕਿਤਾਬ ਮੇਰੇ ਲਈ ਇੱਕ ਅਣਮੋਲ ਤੋਹਫ਼ੇ ਵਰਗੀ ਹੈ ਜਿਸਨੂੰ ਮੈਂ ਬੜੀ ਰੀਝ ਨਾਲ਼ ਪੜ੍ਹਿਆ ਅਤੇ ਧੁਰ ਅੰਦਰ ਤੱਕ ਮਾਣਿਆ ਹੈ।ਇਹ ਕਿਤਾਬ ਡਾਕਟਰ ਗੁਰਮਿੰਦਰ ਸਿੱਧੂ ਨੇ ਸਾਡੇ ਵਿਰਾਸਤ ਗਰੁੱਪ ਦੀਆਂ ਸਾਰੀਆਂ ਭੈਣਾਂ ਨੂੰ ਬੜੇ ਮੋਹ ਅਤੇ ਸਤਿਕਾਰ ਨਾਲ਼ 11 ਮਈ 2026 ਨੂੰ ਬੀਅਰ ਕਰੀਕ ਪਾਰਕ ਵਿੱਚ ਹੋਈ ਸਾਡੀ ਇੱਕ ਮਿਲਨੀ ਦੌਰਾਨ ਦਿੱਤੀ ਸੀ।ਮੈਨੂੰ ਇਹ ਕਿਤਾਬ 16 ਜੂਨ,2026 ਸ਼ਾਮ ਨੂੰ ਮਿਲ਼ੀ ਸੀ।ਅਗਲੇ ਹੀ ਦਿਨ 17 ਜੂਨ ਨੂੰ ਮੈਂ ਇਸ ਕਿਤਾਬ ਦਾ ਤਕਰੀਬਨ ਤੀਜਾ ਹਿੱਸਾ ਪੜ੍ਹ ਲਿਆ ਸੀ।ਇਸ ਕਿਤਾਬ ਨੂੰ ਪੜ੍ਹਦਿਆਂ ਮੈਨੂੰ ਏਨਾ ਅਨੰਦ ਆਇਆ ਜਿਵੇਂ ਮੈਂ ਕੋਈ ਕਹਾਣੀ ਜਾਂ ਨਾਵਲ ਪੜ੍ਹ ਰਹੀ ਹੋਵਾਂ।

ਵਾਰਤਕ ਲਿਖਣ ਬਾਰੇ ਮੇਰੀ ਸੋਚ ਬੜੀ ਵੱਖਰੀ ਕਿਸਮ ਦੀ ਸੀ।ਮੈਂ ਸੋਚਿਆ ਕਰਦੀ ਸਾਂ ਕਿ ਵਾਰਤਕ ਲਿਖਣਾ ਬਹੁਤ ਆਸਾਨ ਕੰਮ ਹੈ।ਪਰ ਇਹਨਾਂ ਦੀ ਇਸ ਪੁਸਤਕ ਨੂੰ ਪੜ੍ਹ ਕੇ ਮੈਨੂੰ ਮਹਿਸੂਸ ਹੋਇਆ ਕਿ ਵਾਰਤਕ ਲਿਖਣੀ ਓਨੀ ਸੌਖੀ ਨਹੀਂ ਜਿੰਨੀ ਅਸੀਂ ਸੋਚਦੇ ਹਾਂ।ਵਾਰਤਕ ਵਿੱਚ ਵੀ ਡੂੰਘੇ ਅਧਿਐਨ,ਤਜ਼ਰਬੇ ਅਤੇ ਵਿਸ਼ੇ ਦੀ ਚੰਗੀ ਸਮਝ ਦੀ ਲੋੜ ਹੁੰਦੀ ਹੈ।ਇਸ ਵਿੱਚ ਵਿਚਾਰਾਂ ਨੂੰ ਸਪੱਸ਼ਟ,ਤਰਕਪੂਰਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ਼ ਪੇਸ਼ ਕਰਨਾ ਪੈਂਦਾ ਹੈ,ਜੋ ਕਿ ਕਾਫੀ ਮਿਹਨਤ ਵਾਲ਼ਾ ਕੰਮ ਹੈ।ਇਸ ਵਿੱਚ ਭਾਸ਼ਾ ਉੱਤੇ ਮਜ਼ਬੂਤ ਪਕੜ ਦੀ ਲੋੜ ਹੁੰਦੀ ਹੈ।

ਇਸ ਕਿਤਾਬ ਨੂੰ ਪੜ੍ਹ ਕੇ ਪਤਾ ਚੱਲਦਾ ਹੈ ਕਿ ਡਾਕਟਰ ਗੁਰਮਿੰਦਰ ਸਿੱਧੂ ਦੀ ਭਾਸ਼ਾ ਤੇ ਏਨੀ ਮਜ਼ਬੂਤ ਪਕੜ ਹੈ ਕਿ ਪੜ੍ਹਨ ਵਾਲ਼ੇ ਦੇ ਮੂੰਹੋਂ ਆਪਣੇ ਆਪ ਹੀ ਵਾਹ ਨਿਕਲ਼ਦਾ ਹੈ।ਹੀਥਰੋ ਏਅਰਪੋਰਟ ਤੋਂ ਉਤਰ ਕੇ ਆਪਣੇ ਚਾਚਾ ਜੀ ਅਤੇ ਉਹਨਾਂ ਦੇ ਬੇਟਿਆਂ ਨਾਲ ਜਦੋਂ ਇਹ ਘਰ ਨੂੰ ਜਾ ਰਹੇ ਹੁੰਦੇ ਹਨ ਤਾਂ ਕਾਰ ਵਿੱਚ ਬੈਠੇ ਰਸਤਿਆਂ ਦੇ ਕੁਦਰਤੀ ਨਜ਼ਾਰਿਆਂ ਨੂੰ ਜਿਸ ਖ਼ੂਬਸੂਰਤ ਨਜ਼ਰ ਨਾਲ਼ ਇਹ ਵੇਖਦੇ ਹਨ,ਉਹਨਾਂ ਨਜ਼ਾਰਿਆਂ ਨੂੰ ਇਹ ਆਪਣੇ ਲੇਖ 'ਦੇਖ ਲਈ ਵਲਾਇਤ ਵੀ' ਵਿੱਚ ਵੀ ਓਨੀ ਹੀ ਖ਼ੂਬਸੂਰਤੀ ਨਾਲ਼ ਚਿਤਰਦੇ ਹਨ।

ਨਮੂਨੇ ਲਈ ਹਾਜ਼ਰ ਹਨ ਕੁਝ ਸਤਰਾਂ 'ਬੜੇ ਹੀ ਮਨਮੋਹਕ ਦ੍ਰਿਸ਼,ਹਰ ਪਾਸੇ ਹਰਿਔਲ਼ ਹੀ ਹਰਿਔਲ਼,ਪੱਬੀਆਂ ਉੱਤੇ ਪਿਸਤੇ ਰੰਗਾ ਘਾਹ,ਕਿਤੇ ਕਿਤੇ ਦੂਰ ਕਿਸੇ ਚਰਾਂਦ ਵਿੱਚ ਚਰਦੀਆਂ ਗਾਵਾਂ,ਜਿਵੇਂ ਸਾਵੇ ਕਾਗਜ਼ ਉੱਤੇ ਚਿੱਟੇ ਕਾਲ਼ੇ ਅੱਖਰ ਹੋਣ,ਜਿਵੇਂ ਮੈਂ ਧਰਤ ਤੇ ਛਪੀ ਕੋਈ ਕਵਿਤਾ ਪੜ੍ਹ ਰਹੀ ਹੋਵਾਂ।ਸੜਕਾਂ ਕੰਢੇ ਫੁੱਲਦਾਰ ਬੂਟਿਆਂ ਅਤੇ ਦਰੱਖ਼ਤਾਂ ਦੀਆਂ ਕਤਾਰਾਂ ਜਿਵੇਂ ਇਸ ਕਵਿਤਾ ਦੇ ਰੰਗੀਨ ਹਾਸ਼ੀਏ ਹੋਣ।ਦੇਸ਼ ਸੱਚਮੁੱਚ ਬਹੁਤ ਸੋਹਣਾ ਸੀ।' ਇਸ ਤਰ੍ਹਾਂ ਹੀ ਇਹਨਾਂ ਨੇ ਆਪਣੇ ਇੱਕ ਹੋਰ ਲੇਖ 'ਜਿੱਥੇ ਵਸੇ ਚਿੜੀਆਂ ਦਾ ਚੰਬਾ' ਵਿੱਚ ਵੀ ਸਿਡਨੀ ਸ਼ਹਿਰ ਦਾ ਦ੍ਰਿਸ਼ ਵੀ ਬੜੀ ਖ਼ੂਬਸੂਰਤੀ ਨਾਲ਼ ਉਲੀਕਿਆ ਹੈ।

ਇਹਨਾਂ ਦੀ ਭਾਸ਼ਾ ਬੜੀ ਅਮੀਰ,ਰਸਭਰੀ ਅਤੇ ਪ੍ਰਭਾਵਸ਼ਾਲ਼ੀ ਹੈ।ਇਹਨਾਂ ਨੇ ਆਪਣੇ ਲੇਖਾਂ ਨੂੰ ਰੌਚਕ ਬਣਾਉਣ ਲਈ ਕਿਤੇ ਕਿਤੇ ਅਖਾਣ,ਮੁਹਾਵਰੇ ਅਤੇ ਕਾਵਿ ਟੁਕੜੀਆਂ ਦੀ ਵਰਤੋਂ ਵੀ ਕੀਤੀ ਹੈ।ਜਿਵੇਂ—ਗੋਲੀ ਕੀਹਦੀ ਤੇ ਗਹਿਣੇ ਕੀਹਦੇ,ਜਾ ਕੋ ਰਾਖੇ ਸਾਈਆਂ ਮਾਰ ਸਕੇ ਨਾ ਕੋਈ,ਭਾਈ ਕੋ ਭਾਈ ਮਿਲ਼ੇ ਕਰ ਕਰ ਲੰਬੇ ਹਾਥ,ਅੰਨ੍ਹਾ ਕੀ ਭਾਲ਼ੇ ਦੋ ਅੱਖਾਂ ਆਦਿ।ਐਬਸਟਫੋਰਡ ਦੇ ਇੱਕ ਗਰੀਨ ਹਾਊਸ ਵਿੱਚ ਕੰਮ ਕਰਦੀਆਂ ਪੜ੍ਹੀਆਂ ਲਿਖੀਆਂ ਮਜ਼ਬੂਰ ਕੁੜੀਆਂ ਨੂੰ ਵੇਖ ਕੇ ਇਹਨਾਂ ਦੇ ਮਨ ਵਿੱਚ ਕਵਿਤਾ ਆਪ ਮੁਹਾਰੇ ਹੀ ਫੁੱਟਦੀ ਹੈ।ਜੋ ਇਹਨਾਂ ਦੇ ਲੇਖ 'ਦਰਦਾਂ ਦੇ ਖੂਹ ਅਵੱਲੜੇ' ਵਿੱਚ ਦਰਜ ਹੈ।ਨਮੂਨੇ ਲਈ ਪੇਸ਼ ਹਨ ਸਤਰਾਂ-

"ਇੱਕ ਸੁਪਨਾ ਜਿਹਦਾ ਰੰਗ ਸੰਧੂਰੀ,ਟੋਟੇ ਟੋਟੇ ਹੋਇਆ

ਗਰੀਨ ਹਾਊਸ ਦੇ ਸ਼ੀਸ਼ੇ ਦੇ ਵਿੱਚ ਧਾਹਾਂ ਮਾਰ ਕੇ ਰੋਇਆ

ਟੋਟੇ ਜੋੜਨ ਬਾਬਲਾ! ਵੇ ਤੇਰੇ ਚੰਬੇ ਦੀਆਂ ਚਿੜੀਆਂ

ਬੈਰੀ ਤੋੜਨ ਬਾਬਲਾ! ਵੇ ਤੇਰੇ ਚੰਬੇ ਦੀਆਂ ਚਿੜੀਆਂ!"

ਇਹਨਾਂ ਦੀ ਇਸ ਕਿਤਾਬ ਦੇ ਲੇਖਾਂ ਦੇ ਸਿਰਲੇਖ ਬੜੇ ਹੀ ਦਿਲ ਖਿੱਚਵੇਂ ਅਤੇ ਦਿਲ ਟੁੰਬਵੇਂ ਹਨ।

ਇਹਨਾਂ ਦੀ ਯਾਤਰਾ ਹੀ ਇਹਨਾਂ ਦੀ ਇਹ ਕਿਤਾਬ ਲਿਖਣ ਦਾ ਸਬੱਬ ਬਣਦੀ ਹੈ।ਇਹ ਆਪਣੇ ਪਹਿਲੇ ਲੇਖ 'ਪਹਿਲੀ ਵਾਰ ਪੌਣਾਂ ਦੇ ਖੰਭਾਂ ਤੇ' ਵਿੱਚ ਲਿਖਦੇ ਹਨ ਕਿ 2001 ਦਾ ਜੇਠ ਦਾ ਮਹੀਨਾ ਸੀ,ਭੱਠੀ ਵਾਂਗ ਭਖਦੀ ਦੁਪਹਿਰ...ਕਿ ਅਚਾਨਕ ਠੰਡੀ ਸੀਤ ਹਵਾ ਦਾ ਬੁੱਲਾ ਆਇਆ,ਇਹ ਬੁੱਲਾ ਬਰਫ਼ੀਲੇ ਮੁਲਕ ਕਨੇਡਾ ਤੋਂ ਉੱਥੇ ਹੋ ਰਹੀ ਡਾਕਟਰਾਂ ਦੀ ਕਾਨਫਰੰਸ ਲਈ ਸੱਦਾ ਪੱਤਰ ਸੀ।'ਅੰਨ੍ਹਾ ਕੀ ਭਾਲ਼ੇ,ਦੋ ਅੱਖਾਂ...!' ਮੈਥੋਂ ਤਾਂ ਇਹ ਚਾਅ ਨਾ ਚੁੱਕਿਆ ਨਾ ਜਾਵੇ! ਬੜੇ ਚਿਰਾਂ ਦੀ ਰੀਝ ਸੀ ਧਰਤੀ ਦਾ ਇਹ ਖਿੱਤਾ ਵੇਖਣ ਦੀ,ਚਲੋ ਹੁਣ ਇਹ ਬਹਾਨਾ ਬਣ ਗਿਆ।ਇੱਥੋਂ ਹੀ ਇਹਨਾਂ ਦਾ ਇਹ ਕਿਤਾਬ 'ਪਰਦੇਸਾਂ ਵਿੱਚੋਂ ਚੁਗੇ ਹਰਫ਼' ਲਿਖਣ ਦਾ ਸਫ਼ਰ ਸ਼ੁਰੂ ਹੁੰਦਾ ਹੈ।

ਇਹਨਾਂ ਦੀ ਇਸ ਕਿਤਾਬ ਦੇ ਵਿਸ਼ੇ ਵੀ ਵੰਨ-ਸਵੰਨੇ ਹਨ।ਕੁਝ ਵਿਸ਼ੇ ਅਜਿਹੇ ਹਨ ਜਿਹੜੇ ਸਾਨੂੰ ਸਤਰੰਗੀ ਪੀਂਘ ਤੇ ਬਿਠਾ ਅਜਿਹਾ ਹੁਲਾਰਾ ਦਿੰਦੇ ਹਨ ਕਿ ਸਾਨੂੰ ਅਸਮਾਨ ਵਿੱਚ ਉੱਡਣ ਲਾ ਦਿੰਦੇ ਹਨ।ਜਿਵੇਂ 'ਜਿੱਥੇ ਵਸੇ ਚਿੜੀਆਂ ਦਾ ਚੰਬਾ' ਵਿੱਚ ਮਾਂ ਧੀ ਦਾ ਜਜ਼ਬਾਤੀ ਮੇਲ਼ ਸਾਡੇ ਮਨਾਂ ਵਿੱਚ ਖੁਸ਼ੀ ਦੀਆਂ ਅਜਿਹੀਆਂ ਤਰੰਗਾਂ ਛੇੜਦਾ ਹੈ ਕਿ ਅਸੀਂ ਭਾਵੁਕ ਹੋਏ ਬਗੈਰ ਰਹਿ ਹੀ ਨਹੀਂ ਸਕਦੇ॥ਆਪਣੇ ਇਸ ਲੇਖ ਦੇ ਅਖ਼ੀਰ ਵਿੱਚ ਇਹ ਲਿਖਦੇ ਹਨ-'ਸੱਚਮੁੱਚ ਚੰਬੇ ਦੀਆਂ ਚਿੜੀਆਂ ਆਪਣੇ ਘਰ ਲੱਖ ਖੁਸ਼ੀ ਵਸਦੀਆਂ ਹੋਣ,ਪਰ ਮਾਂ ਬਾਬਲ ਦੀ ਯਾਦ ਉਨ੍ਹਾਂ ਦੀਆਂ ਆਦਰਾਂ ਵਿੱਚੋਂ ਹਮੇਸ਼ਾਂ ਰੁੱਗ ਭਰਦੀ ਰਹਿੰਦੀ ਹੈ'।

'ਟਿੰਮ ਟਿੰਮ ਕਰਦੇ ਦੀਵੇ' ਲੇਖ ਵਿੱਚ ਵੀ ਇਹਨਾਂ ਨੇ ਕਨੇਡਾ ਵਿੱਚ ਖਾਸ ਕਰ ਸਰੀ ਵਿੱਚ ਪੰਜਾਬੀ ਮਾਂ ਬੋਲੀ ਦੀ ਪ੍ਰਫੁਲਤਾ ਲਈ ਕਾਰਜਸ਼ੀਲ ਬਹੁਤ ਸਾਰੀਆਂ ਸਖਸ਼ੀਅਤਾਂ, ਸਾਹਿਤਕ ਸਭਾਵਾਂ,ਅਦਾਰਿਆਂ ਅਤੇ ਗਰੁੱਪਾਂ ਦਾ ਜਿਕਰ ਕੀਤਾ ਹੈ।ਜਿਸਨੂੰ ਪੜ੍ਹ ਕੇ ਅੰਤਾਂ ਦੀ ਪ੍ਰਸੰਨਤਾ ਹੁੰਦੀ ਹੈ।

ਇਸ ਕਿਤਾਬ ਵਿੱਚ ਕੁਝ ਵਿਸ਼ੇ ਅਜਿਹੇ ਹਨ ਜਿੰਨ੍ਹਾਂ ਨੂੰ ਪੜ੍ਹ ਕੇ ਕੋਈ ਵੀ ਅੱਖ ਰੋਏ ਬਗੈਰ ਰਹਿ ਨਹੀਂ ਸਕਦੀ।ਜਿਵੇਂ ਕਿ ਇਹਨਾਂ ਨੇ ਇੰਗਲੈਂਡ ਦੇ ਪ੍ਰਸਿੱਧ ਸ਼ਹਿਰ ਕਵੈਂਟਰੀ ਦੀ ਸੇਂਟ ਮਾਈਕਲ ਚਰਚ ਦੀ ਗੱਲ ਕੀਤੀ ਹੈ ਜਿਸਨੂੰ 'ਕਵੈਂਟਰੀ ਕੈਥੀਡਰਲ' ਕਹਿੰਦੇ ਹਨ ਜਿਸਨੂੰ ਦੂਜੀ ਵੱਡੀ ਜੰਗ ਵੇਲ਼ੇ ਬੰਬਾਂ ਨਾਲ਼ ਤਬਾਹ ਕਰ ਦਿੱਤਾ ਗਿਆ ਸੀ ਤੇ ਉਸਦਾ ਸੜਿਆ ਹੋਇਆਂ ਢਾਂਚਾ ਜਾਣੀ ਕੇ ਪੁਰਾਣੇ ਚਰਚ ਦੇ ਖੰਡਰਾਂ ਨੂੰ ਯਾਦਗਰ ਵਜੋਂ ਅਜੇ ਤੱਕ ਸੰਭਾਲ਼ਿਆ ਹੋਇਆ ਹੈ।

11 ਸਤੰਬਰ 2001 ਵਰਲਡ ਟਰੇਡ ਸੈਂਟਰ ਤੇ ਹੋਏ ਹਮਲੇ ਦੀ ਘਟਨਾ ਅਧੁਨਿਕ ਇਤਿਹਾਸ ਦੀਆਂ ਸਭ ਤੋਂ ਦੁਖਦਾਈ ਅਤੇ ਦਿਲ ਦਹਿਲਾ ਦੇਣ ਵਾਲ਼ੀਆਂ ਘਟਨਾਵਾਂ ਵਿਚੋਂ ਇੱਕ ਹੈ।ਡਾ: ਗੁਰਮਿੰਦਰ ਸਿੱਧੂ ਨੇ 'ਹੈਂਕੜਬਾਜ਼ ਚਿਹਰਿਆਂ ਉੱਤੇ ਤਰਦੀ ਦਹਿਸ਼ਤ' ਸਿਰਲੇਖ ਅਧੀਨ ਉਸ ਸਮੇਂ ਵਰਲਡ ਟਰੇਡ ਸੈਂਟਰ ਤੇ ਹੋਏ ਹਮਲੇ ਨੂੰ ਟੀ ਵੀ ਦੀ ਸਕਰੀਨ ਉੱਪਰ ਚੱਲ ਰਹੇ ਸੀਨ ਨੂੰ ਹੂਬ ਹੂ ਚਿਤਰਿਆ ਹੈ।ਇਹ ਏਸੇ ਲੇਖ ਵਿੱਚ ਇੱਕ ਬੜਾ ਹੀ ਦਰਦ ਨਾਲ ਵਿੰਨਿਆਂ ਸੀਨ ਲਿਖਦੇ ਹਨ।'ਅਮਰੀਕੀ ਜ਼ਹਿਰ ਨਾਲ਼ ਨੱਕੋ-ਨੱਕ ਭਰੇ ਪਏ ਸਨ,ਨਿਰਦੋਸ਼ ਨੈਣਾਂ ਵਿੱਚੋਂ ਵਗੇ ਪਾਣੀ-ਰੰਗੇ ਹੰਝੂ ਖ਼ੂਨ ਦੇ ਹੰਝੂਆਂ ਵਿੱਚ ਵਟ ਰਹੇ ਸਨ,ਵਾਰ-ਵਾਰ ਦਿਖਾਈਆਂ ਜਾ ਰਹੀਆਂ ਝਲਕੀਆਂ ਬਲ਼ਦੀ ਉੱਤੇ ਤੇਲ ਬਣ-ਬਣ ਡੁੱਲ ਰਹੀਆਂ ਸਨ।ਤੀਜੀ ਵਿਸ਼ਵ ਜੰਗ ਬਰੂਹਾਂ ਉੱਤੇ ਆ ਗਈ ਲੱਗਦੀ ਸੀ।'

"ਆਪਾਂ ਵਾਪਿਸ ਘਰ ਚੱਲੀਏ!" ਬਲਦੇਵ ਨੇ ਮੇਰੇ ਦਿਲ ਦੀ ਗੱਲ ਕਹਿ ਦਿੱਤੀ।

"ਪਾਗਲ ਹੋ ਗਏ ਓ?ਦੇਖੋ ਤਾਂ ਕਿਵੇਂ ਅੱਗ ਵਰ੍ਹ ਰਹੀ ਐ?ਟਿਕ ਕੇ ਬਹਿ ਜਾਓ!"

ਸੁਭਾਵਿਕ ਹੀ ਹੈ ਜਦੋਂ ਬੰਦਾ ਘਰ ਤੋਂ ਬਾਹਰ ਦੂਰ ਕਿਤੇ ਗਿਆ ਹੋਵੇ ਤੇ ਸਿਰ ਤੇ ਅਜਿਹਾ ਖਤਰਾ ਮੰਡਰਾ ਰਿਹਾ ਹੋਵੇ ਤਾਂ ਮਨੁੱਖ ਸਭ ਤੋਂ ਪਹਿਲਾਂ ਆਪਣੇ ਘਰ ਵੱਲ ਹੀ ਭੱਜੇਗਾ। 9-11 ਵੇਲ਼ੇ ਇਹ ਆਪਣੀ ਦੋਸਤ ਭੁਪਿੰਦਰ ਕੋਲ਼ ਫਲੋਰਿਡਾ ਗਏ ਹੋਏ ਸਨ।ਇਹਨਾਂ ਦੀ ਦੋਸਤ ਦਾ ਇਹ ਪਲੈਨ ਸੀ ਕਿ ਇਹਨਾਂ ਨੂੰ ਨਿਊ ਯੋਰਕ ਵਿਖੇ ਵਰਲਡ ਟਰੇਡ ਸੈਂਟਰ ਵੀ ਵਿਖਾਇਆ ਜਾਵੇ।ਜਦ ਨੂੰ ਹੀ ਇਹ ਅਣਹੋਣੀ ਘਟਨਾ ਵਾਪਰ ਜਾਂਦੀ ਹੈ।

ਇਸ ਤਰ੍ਹਾਂ ਪੀੜਾਂ ਵਿੰਨ੍ਹੀਆਂ ਕਿੰਨ੍ਹੀਆਂ ਹੀ ਔਰਤਾਂ ਦੀ ਗਾਥਾ ਇਹਨਾਂ ਨੇ ਆਪਣੇ ਕੁਝ ਲੇਖਾਂ ਵਿੱਚ ਸਾਡੇ ਨਾਲ਼ ਸਾਂਝੀ ਕੀਤੀ ਹੈ।'ਗੁਲਾਬ ਤੇ ਤੇਜ਼ਾਬ ਦੇ ਛਿੱਟੇ' ਲੇਖ ਵਿੱਚ ਇੱਕ ਗੋਰੀ ਔਰਤ ਦੀ ਦਰਦਨਾਇਕ ਕਹਾਣੀ ਬਿਆਨ ਕੀਤੀ ਹੈ।ਜਿਸ ਨਾਲ਼ ਇੱਕ ਪੰਜਾਬੀ ਮੁੰਡੇ ਨੇ ਕਈ ਸਾਲ ਪਹਿਲਾਂ ਬੁਰੀ ਤਰ੍ਹਾਂ ਧੋਖਾ ਕੀਤਾ ਹੁੰਦਾ ਹੈ।ਪਹਿਲਾਂ ਤਾਂ ਉਹ ਆਪ ਉਸ ਨਾਲ਼ ਵਿਆਹ ਕਰਵਾ ਕੇ ਪੱਕਾ ਹੁੰਦਾ ਹੈ।ਗੋਰੀ ਨਾਲ਼ ਉਸਦੇ ਇੱਕ ਬੱਚਾ ਵੀ ਹੁੰਦਾ ਹੈ, ਫਿਰ ਉਸ ਨਾਲ਼ ਤਲਾਕ ਲੈ ਕੇ ਉਸਦੇ ਰਾਹੀਂ ਆਪਣੇ ਹੋਰ ਰਿਸ਼ਤੇਦਾਰਾਂ ਨੂੰ ਪੱਕੇ ਕਰਵਾਉਂਦਾ ਹੈ।ਉਹ ਵਿਚਾਰੀ ਔਰਤ ਅਖ਼ੀਰ ਤੇ ਪਾਗਲ ਹੋ ਜਾਂਦੀ ਹੈ ਤੇ ਬੱਘੀ ਵਿੱਚ ਖਿਡਾਉਣਿਆਂ ਨੂੰ ਪਾ ਕੇ ਉੱਤੋਂ ਢਕ ਕੇ ਸੜਕਾਂ ਤੇ ਤੁਰੀ ਫਿਰਦੀ ਹੁੰਦੀ ਹੈ।ਉਹ ਇਸੇ ਭਰਮ ਵਿੱਚ ਰਹਿੰਦੀ ਹੈ ਕਿ ਉਸ ਦਾ ਪਤੀ ਤੇ ਬੱਚਾ ਉਸ ਨਾਲ਼ ਅਜੇ ਵੀ ਰਹਿੰਦਾ ਹੈ।ਇਸ ਲੇਖ ਵਿੱਚ ਇਹ ਲਿਖਦੇ ਹਨ ਕਿ ਉਹਦੇ ਦਿਮਾਗ ਨੇ ਪਤੀ ਤੇ ਬੱਚੇ ਦਾ ਜਾਣਾ ਕਬੂਲ ਹੀ ਨਹੀਂ ਕੀਤਾ,ਉਹ ਉੱਥੇ ਹੀ ਖੜ੍ਹੀ ਹੈ ਜਿੱਥੇ ਉਸਦੇ ਜਾਣ ਵੇਲ਼ੇ ਖੜ੍ਹੀ ਸੀ।

'ਦਰਦਾਂ ਦੇ ਖੂਹ ਅਵੱਲੜੇ' ਵਿੱਚ ਵੀ ਇਹਨਾਂ ਨੇ ਦੁਖਿਆਰੀਆਂ ਧੀਆਂ ਦੀ ਵੇਦਨਾਂ ਉਹਨਾਂ ਦੇ ਮੂੰਹੋਂ ਸੁਣਾਈ ਹੈ।ਧੀਆਂ ਪਰਿਵਾਰ ਦੀ ਸ਼ਾਨ,ਮਮਤਾ ਦਾ ਰੂਪ ਅਤੇ ਸਮਾਜ ਦੀ ਅਨਮੋਲ ਧਰੋਹਰ ਹੁੰਦੀਆਂ ਹਨ।ਕਈ ਵਾਰੀ ਉਹਨਾਂ ਨੂੰ ਅਜਿਹੇ ਦੁੱਖ ਅਤੇ ਅਨਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਹਨਾਂ ਦੀ ਜ਼ਿੰਦਗੀ ਨੂੰ ਕਠਿਨ ਬਣਾ ਦਿੰਦਾ ਹੈ।ਇਹਨਾਂ ਦੇ ਕਈ ਲੇਖਾਂ ਵਿੱਚ ਵਿਆਹ ਤੋਂ ਬਾਅਦ ਮਾਨਸਿਕ ਤਣਾਅ,ਘਰੇਲੂ ਹਿੰਸਾ ਅਤੇ ਸਮਾਜਿਕ ਦਬਾਅ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੀਆਂ ਧੀਆਂ ਦਾ ਦੁੱਖ ਹੈ ਜੋ ਪੜ੍ਹਨ ਵਾਲ਼ੇ ਦੇ ਲੂੰ ਕੰਢੇ ਖੜ੍ਹੇ ਕਰਦਾ ਹੈ।ਦੁਖੀ ਧੀਆਂ ਦੀ ਵੇਦਨਾ ਸਿਰਫ ਉਹਨਾਂ ਦੀ ਆਪਣੀ ਵੇਦਨਾਂ ਨਹੀਂ ਹੁੰਦੀ ਸਗੋਂ ਪੂਰੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੁੰਦੀ ਹੈ।

'ਉਨ੍ਹਾਬੀ ਪੱਗ ਵਾਲ਼ੇ ਦੀ ਤਲਾਸ਼' ਲੇਖ ਵੀ ਲੇਖਿਕਾ ਨੇ 2018 ਦੀ ਕਨੇਡਾ ਯਾਤਰਾ ਸਮੇਂ ਹੀਥਰੋ ਹਵਾਈ ਅੱਡੇ ਦਾ ਅਨੁਭਵ ਸਾਡੇ ਨਾਲ਼ ਸਾਂਝਾ ਕੀਤਾ ਹੈ।ਜਿੱਥੇ ਇਹਨਾਂ ਦੇ ਹਮਸਫ਼ਰ ਡਾ ਬਲਦੇਵ ਸਿੰਘ ਖਹਿਰਾ ਗੁਆਚ ਜਾਂਦੇ ਹਨ।ਇਹਨਾਂ ਨੇ ਇਸ ਲੇਖ ਦੇ ਅਖ਼ੀਰ ਤੇ ਸਾਡੇ ਲਈ ਇੱਕ ਬਹੁਤ ਵਧੀਆ ਸਬਕ ਛੱਡਿਆ ਹੈ ਜੋ ਸਾਨੂੰ ਹਰ ਇੱਕ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨਾ ਚਾਹੀਦਾ ਹੈ।

'ਪ੍ਰਦੇਸੀਂ ਮਰਦੀਆਂ ਅਣਜੰਮੀਆਂ ਧੀਆਂ' ਲੇਖ ਵਿੱਚ ਲੇਖਿਕਾ ਭਰੂਣ ਹੱਤਿਆ ਦੀ ਗੱਲ ਕਰਦੀ ਹੈ।ਭਰੂਣ ਹੱਤਿਆ ਇੱਕ ਸਮਾਜਿਕ ਬੀਮਾਰੀ ਹੈ।ਇਸ ਬੀਮਾਰੀ ਉੱਤੇ ਇਹ ਦੋ ਢਾਈ ਦਹਾਕਿਆਂ ਤੋਂ ਕਵਿਤਾਵਾਂ,ਕਹਾਣੀਆਂ ਲਿਖਦੇ ਆ ਰਹੇ ਹਨ।

'ਨਾ ਮੰਮੀ ਨਾ' ਇਹਨਾਂ ਦੀ ਬਹੁਤ ਹੀ ਪ੍ਰਸਿੱਧ ਕਿਤਾਬ ਹੈ।ਜਿਸ ਦੇ ਕਈ ਐਡੀਸ਼ਨ ਛਪ ਚੁੱਕੇ ਹਨ।ਜਿਹੜੀ ਅੱਜ ਤੋਂ ਦੋ ਢਾਈ ਦਹਾਕੇ ਪਹਿਲਾਂ ਲਿਖੀ ਗਈ ਸੀ।ਇਸ ਵਿੱਚ ਲੇਖਿਕਾ ਨੇ ਮਾਂ ਦੀ ਕੁੱਖ ਵਿੱਚ ਪਲ਼ ਰਹੀ ਧੀ ਦੀ ਵਿਥਿਆ ਲਿਖੀ ਹੈ ਜਿਸ ਨੂੰ ਮਾਰਨ ਦੀਆਂ ਸਕੀਮਾ ਘੜੀਆਂ ਜਾ ਰਹੀਆਂ ਸਨ।ਜਦੋਂ ਇਹ ਅਣਜੰਮੀ ਬੱਚੀ ਦੀ ਵਿਥਿਆ ਛਪੀ ਤਾਂ ਭਾਵੁਕ ਹੋਏ ਲੋਕਾਂ ਦੀਆਂ,ਮਾਪਿਆਂ ਦੀਆਂ ਡਾਕਟਰ ਗੁਰਮਿੰਦਰ ਨੂੰ ਬਹੁਤ ਹੀ ਚਿੱਠੀਆਂ ਆਈਆਂ।

ਇਹ ਚਿੱਠੀਆਂ ਇਹਨਾਂ ਨੇ 'ਨਾ ਮੰਮੀ ਨਾ ਕਿਤਾਬ' ਵਿੱਚ ਛਾਪੀਆਂ ਹਨ ਅਤੇ ਉਹਨਾਂ ਚਿੱਠੀਆਂ ਨੂੰ ਵੇਖ ਕੇ ਨਾਲ਼ ਹੀ ਇਹਨਾਂ ਨੇ ਲਿਖਿਆ ਹੈ।'ਇਹ ਸਾਰੇ ਖ਼ਤ ਮੇਰੇ ਰਹਿਨੁਮਾ ਨੇ,ਮੇਰੇ ਹਰਫ਼ਾਂ ਨੂੰ ਦੀਵੇ ਕਹਿ ਕੇ ਮੇਰੇ ਸਿਰ 'ਤੇ ਫਰਜ਼ਾਂ ਦੀ 'ਜਾਗੋ' ਧਰ ਰਹੇ।ਮੈਂ ਇਹ 'ਜਾਗੋ' ਚੁੱਕ ਕੇ ਪਿੰਡ ਵਿੱਚ ਗੇੜਾ ਦੇਣਾ ਹੈ।'

ਮੈਨੂੰ ਇਹਨਾਂ ਦਾ ਇਹ ਲੇਖ 'ਪ੍ਰਦੇਸੀਂ ਮਰਦੀਆਂ ਅਣਜੰਮੀਆਂ ਧੀਆਂ' ਪੜ੍ਹ ਕੇ ਇਹ ਮਹਿਸੂਸ ਹੋਇਆ ਕਿ ਡਾ ਗੁਰਮਿੰਦਰ ਸਿੱਧੂ ਅਜੇ ਤੱਕ ਇਹ ਜਾਗੋ ਚੁੱਕ ਕੇ ਦੇਸ਼ ਕੀ ਪ੍ਰਦੇਸਾਂ ਵਿੱਚ ਵੀ ਇਹ ਗੇੜਾ ਦੇ ਰਹੇ ਹਨ।ਕਿਉਂਕਿ ਇਹ ਜਦ ਵੀ ਕਿਸੇ ਰੇਡੀਓ ਜਾਂ ਟੀ ਵੀ ਸਟੇਸ਼ਨ ਤੇ ਜਾਂਦੇ ਹਨ ਉੱਥੇ ਇਹਨਾਂ ਕੋਲ਼ੋਂ ਏਸੇ ਵਿਸ਼ੇ ਤੇ ਹੀ ਜ਼ਿਆਦਾ ਸੁਆਲ ਜੁਆਬ ਪੁੱਛੇ ਜਾਂਦੇ ਹਨ ਅਤੇ ਲੋਕਾਂ ਦੀਆਂ ਫੋਨ ਕਾਲਾਂ ਵੀ ਇਸੇ ਵਿਸ਼ੇ ਤੇ ਵਧੇਰੇ ਆਉਂਦੀਆਂ ਹਨ।

'ਕਨੇਡਾ ਤੱਕਿਆ ਲਹੌਰ','ਸੁੱਚਿਆਂ ਮੋਤੀਆਂ ਵਰਗੇ ਲੋਕ' ਅਤੇ 'ਮਹੁੱਬਤੀ ਸਾਂਝਾ ਦੇ ਪਤਾਸੇ' ਇਹ ਲੇਖ ਪਿਆਰ,ਵਿਸ਼ਵਾਸ ਅਤੇ ਆਪਣੇਪਣ ਨਾਲ਼ ਜੁੜੇ ਰਿਸ਼ਤਿਆਂ ਨਾਲ਼ ਸਾਡਾ ਰੁਬਰੂ ਕਰਵਾਉਂਦੇ ਹਨ।ਇਹ ਦੋ ਲੋਕਾਂ ਦੇ ਦਿਲਾਂ ਦੀ ਉਹ ਨਜ਼ਦੀਕੀ ਹੈ ਜਿਸ ਵਿੱਚ ਸਤਿਕਾਰ,ਸਮਝ ਅਤੇ ਸਾਥ ਦੀ ਭਾਵਨਾ ਜੁੜੀ ਹੋਈ ਦ੍ਰਿਸ਼ਟੀਗੋਚਰ ਹੁੰਦੀ ਹੈ।

'ਕਾਲ਼ੇ ਬੱਦਲ਼ ਸੁਨਹਿਰੀ ਕਿੰਗਰੇ' ਲੇਖ ਦੇ ਸ਼ੁਰੂ ਵਿੱਚ ਲੇਖਿਕਾ ਦੱਸਦੀ ਹੈ ਕਿ ਮਾਂ ਬੋਲੀ ਦਾ ਵਜੂਦ ਕਿਤੇ ਮਿਟ ਨਾ ਜਾਵੇ-ਇਹ ਚਿੰਤਾ ਹਰ ਪੰਜਾਬੀ ਦੇ ਦਿਲ ਵਿੱਚ ਹੈ।ਪਰ ਕੁਝ ਸੁਹਣੀਆਂ ਅਤੇ ਹੌਂਸਲਾ ਦੇਣ ਵਾਲ਼ੀਆਂ ਘਟਨਾਵਾਂ ਜੋ ਏਅਰਪੋਰਟ ਤੇ ਇਹਨਾਂ ਨਾਲ਼ ਵਾਪਰਦੀਆਂ ਹਨ ਉਹ ਇਹ ਯਕੀਨ ਦਿਵਾਉਂਦੀਆਂ ਹਨ ਕਿ ਜਦ ਤੱਕ ਆਪਣੀ ਭਾਸ਼ਾ ਨਾਲ ਪਿਆਰ ਕਰਨ ਵਾਲ਼ੇ ਲੋਕ ਮੌਜੂਦ ਹਨ,ਮਾਂ ਬੋਲੀ ਦੀ ਰੌਣਕ ਕਦੇ ਫਿੱਕੀ ਨਹੀਂ ਪਵੇਗੀ।

ਅਖ਼ੀਰ ਤੇ ਮੈਂ ਡਾ ਗੁਰਮਿੰਦਰ ਸਿੱਧੂ ਨੂੰ ਉਹਨਾਂ ਦੀ ਇਸ ਪੁਸਤਕ ਮਹੱਤਵਪੂਰਨ ਪੁਸਤਕ ਲਈ ਬਹੁਤ ਬਹੁਤ ਮੁਬਾਰਕਵਾਦ ਕਹਿੰਦੀ ਹਾਂ।ਮੈਂ ਵੱਧ ਤੋਂ ਵੱਧ ਲੋਕਾਂ ਨੂੰ ਇਸ ਪੁਸਤਕ ਨੂੰ ਪੜ੍ਹਨ ਲਈ ਅਪੀਲ ਕਰਦੀ ਹਾਂ ਅਤੇ ਇਹ ਵੀ ਯਕੀਨ ਦਿਵਾਉਂਦੀ ਹਾਂ ਕਿ ਇਸ ਪੁਸਤਕ ਨੂੰ ਪੜ੍ਹਨ ਨਾਲ਼ ਉਹਨਾਂ ਦੇ ਮਨੋਰੰਜਨ ਦੇ ਨਾਲ਼ ਨਾਲ਼ ਗਿਆਨ ਵਿੱਚ ਵੀ ਵਾਧਾ ਹੋਵੇਗਾ।